ਸੰਪਾਦਕੀ

ਨਵੇਂ ਸਾਲ ਦਾ ਸਬਕ

ਜੇਲ੍ਹਾਂ 'ਚ ਬੰਦ ਸਿੱਖਾਂ ਦੀ ਰਿਹਾਈ ਲਈ ਵਿੱਢੇ ਸੰਘਰਸ਼ ਨੂੰ ਅੱਗੇ ਤੋਰੀਏ

ਬੀਤਿਆ ਸਾਲ 2013 ਪੰਜਾਬ ਅਤੇ ਪੰਥ ਦੀ ਰਾਜਨੀਤੀ ਵਿਚ ਬਹੁਤ ਕੁਝ ਅਜਿਹਾ ਸਿਰਜ ਗਿਆ ਹੈ ਜਿਸ ਦੇ ਪ੍ਰਭਾਵ ਆਉਂਦੇ ਕਈ ਸਾਲਾ ਤੱਕ ਸਾਹਮਣੇ ਆਉਂਦੇ ਰਹਿਣਗੇ। ਇਸ ਸਾਲ ਦੇ ਸ਼ੁਰੂ ਵਿਚ ਹੋਈਆ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆ ਚੋਣਾਂ ਅਤੇ ਅੰਤ ਵਿਚ ਹੋਈਆ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਭਾਵੇਂ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਤੋਂ ਦਿੱਲੀ ਵਿਚ ਵੀ ਆਪਣਾ ਦਬਦਬਾ ਕਾਇਮ ਕੀਤਾ, ਪਰ ਸਾਲ ਦੇ ਅਖੀਰ ਵਿਚ ਭਾਈ ਗੁਰਬਖਸ਼ ਸਿੰਘ ਖਾਲਸਾ ਵੱਲੋਂ ਜੇਲ੍ਹਾਂ ਵਿਚ ਨਜ਼ਰਬੰਦ ਸਿੰਘਾਂ ਦੀ ਰਿਹਾਈ ਲਈ ਰੱਖੀ ਭੁੱਖ ਹੜਤਾਲ ਅਤੇ ਕੀਤੇ ਸੰਘਰਸ਼ ਨੇ ਸਾਬਤ ਕਰ ਦਿੱਤਾ ਕਿ ਸਿੱਖ ਕੌਮ ਜਾਗਦੀ ਕੌਮ ਹੈ ਅਤੇ ਹੁਣ ਇਸ ਨੂੰ ਬਹੁਤੀ ਦੇਰ ਰਵਾਇਤੀ ਅਕਾਲੀ ਲੀਡਰਸ਼ਿਪ ਵੱਲੋਂ ਗੁੰਮਰਾਹ ਕਰਕੇ ਨਹੀਂ ਰੱਖਿਆ ਜਾ ਸਕਦਾ। ਇਸ ਤੋਂ ਇਲਾਵਾ ਸਾਲ 2013 ਵਿਚ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦਾ ਮਾਮਲਾ, ਫਰਾਂਸ ਵਿਚ ਪੱਗ ਦਾ ਮਸਲਾ, ਨਾਮਧਾਰੀ ਡੇਰੇ ਵਿਚ ਪਿਆ ਕਲੇਸ਼, ਸਿੱਖਾਂ ਨੂੰ ਯੂਰਪੀਅਨ ਪਾਰਲੀਮੈਂਟ ਬਰੱਸਲਜ਼ ਵਿਚ ਪੰਜ ਕਕਾਰਾਂ ਸਮੇਤ ਜਾਣ ਦੀ ਮਿਲੀ ਇਜਾਜ਼ਤ, ਡੇਰਾਵਾਦ ਵਿਰੁੱਧ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਜਾਰੀ ਹੋਏ ਹੁਕਮਨਾਮੇ ਨੂੰ ਲਾਗੂ ਕਰਵਾਉਣ ਸਮੇਂ ਵੱਖ-ਵੱਖ ਮਾਮਲਿਆਂ ਵਿਚ ਫਸੇ ਸਿੱਖਾਂ ਨੂੰ ਸਜਾਵਾਂ ਅਤੇ ਡੇਰੇਦਾਰਾਂ ਦੇ ਚੇਲਿਆਂ ਨੂੰ ਮਿਲੀ ਛੋਟ, ਕਨੇਡਾ ਦੇ ਅਲਬਰਟਾ ਸੂਬੇ ਵਿਚ ਦੇ ਸਿੱਖਾਂ ਨੂੰ ਅਦਾਲਤਾਂ ਵਿਚ ਕਿਰਪਾਨ ਪਹਿਨ ਕੇ ਜਾਣ ਦੀ ਮਿਲੀ ਇਜਾਜ਼ਤ, ਇੰਗਲੈਂਡ ਦੀ ਅਦਾਲਤ ਵੱਲੋਂ ਜਨਰਲ ਕੁਲਦੀਪ ਬਰਾੜ 'ਤੇ ਹੋਏ ਹਮਲੇ

ਸਬੰਧੀ ਸਿੱਖਾਂ ਨੂੰ ਦਿੱਤੀਆਂ ਵੱਡੀਆਂ ਸਜਾਵਾਂ, ਪੰਜਾਬ ਵਿਚ ਹੈਰੋਇਨ ਅਤੇ ਹੋਰ ਸੰਥੈਟਿਕ ਨਸ਼ਿਆਂ ਦਾ ਵੱਡੀ ਪੱਧਰ 'ਤੇ ਪਸਾਰ ਹੋਣਾ, ਨਸ਼ਿਆਂ ਦੀ ਤਸਕਰੀ ਵਿੱਚ ਕਈ ਨਾਮੀ ਗਰਾਮੀ ਖਿਡਾਰੀਆਂ ਦਾ ਫਸਣਾਂ, ਪੰਜਾਬ ਵਿਚ ਗੁੰਡਾਗਰਦੀ ਅਤੇ ਬਲਾਤਕਾਰ ਦੀਆਂ ਘਟਨਾਵਾਂ ਵਿੱਚ ਵਾਧਾ ਹੋਣਾ, ਯੂ.ਏ.ਈ. ਦੀ ਸਾਰਜਾਹ ਜੇਲ੍ਹ ਵਿਚੋਂ ਫਾਂਸੀ ਦੀ ਸਜ਼ਾ ਯਾਫਤਾ 17 ਪੰਜਾਬੀ ਛੁੱਟਕੇ ਆਉਣਾ, ਪਾਕਿਸਤਾਨ ਦੀ ਕੋਟ ਲੱਖਪਤ ਜੇਲ੍ਹ ਲਾਹੌਰ ਵਿਚ ਸਰਬਜੀਤ ਸਿੰਘ ਦਾ ਕਤਲ ਹੋਣਾ, ਮੋਗਾ ਦੀ ਜਿਮਨੀ ਚੋਣ ਅਤੇ ਪੰਚਾਇਤ ਚੋਣਾਂ, ਸ਼੍ਰੋਮਣੀ ਅਕਾਲੀ ਦਲ ਗੋਆ ਵਿਚ ਕੀਤਾ ਗਿਆ ਚਿੰਤਨ ਸੰਮੇਲਨ, ਕਈ ਅਫਸਰਾਂ ਨੂੰ ਹੋਈਆਂ ਸਜਾਵਾਂ ਪੂਰੇ ਸਾਲ ਦੀਆਂ ਅਹਿਮ ਘਟਨਾਵਾਂ ਰਹੀਆਂ, ਜਿਹਨਾਂ ਨੇ ਦੁਨੀਆਂ ਦਾ ਧਿਆਨ ਆਪਣੇ ਵੱਲ ਖਿਚਿਆ। ਭਾਵੇਂ ਸਾਲ 2013 ਦੀ 1 ਜਨਵਰੀ ਨੂੰ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਐਲਾਨ ਕੀਤਾ ਸੀ ਕਿ ਪੰਜਾਬ ਸਰਕਾਰ ਵਲੋਂ ਸਾਲ 2013 ਨੂੰ ਔਰਤਾਂ ਦੇ ਮਾਣ-ਸਨਮਾਨ ਨੂੰ ਸਮਰਪਿਤ ਵਰ੍ਹੇ ਵਜੋਂ ਮਨਾਇਆ ਜਾਵੇਗਾ, ਪਰ ਇਸ ਪੂਰੇ ਸਾਲ ਵਿਚ ਪੰਜਾਬ ਅੰਦਰ ਜਿੱਥੇ ਹਰ ਹਫਤੇ ਔਰਤਾਂ ਨਾਲ ਜਬਰ ਜਨਾਹ ਦੀਆਂ ਲਗਭਗ 10 ਘਟਨਾਵਾਂ ਵਾਪਰਦੀਆਂ ਰਹੀਆਂ, ਉਥੇ ਪੰਜਾਬ ਪੁਲਿਸ ਵਲੋਂ ਵੀ ਔਰਤਾਂ ਉਪਰ ਭਾਰੀ ਤਸ਼ੱਦਦ ਕਰਨ ਦੀਆਂ ਘਟਨਾਵਾਂ ਅਖਬਾਰਾਂ ਦੀਆਂ ਸੁਰਖੀਆਂ ਬਣਦੀਆਂ ਰਹੀਆਂ ਜਿਨਾਂ ਵਿਚ ਬੇਰੁਜਗਾਰ ਲਾਇਨਮੈਨਾਂ ਦੀਆਂ ਪਰਵਾਰਿਕ ਔਰਤਾਂ ਨੂੰ ਜੇਲ੍ਹਾਂ ਵਿਚ ਰੱਖਣ ਤੋਂ ਇਲਾਵਾ ਤਰਨਤਾਰਨ ਵਿਚ ਪੁਲਿਸ ਮੁਲਾਜਮਾਂ ਵਲੋਂ ਇਕ ਦਲਿਤ ਪਿਓ-ਧੀ ਦੀ ਸਰੇਆਮ ਸੜਕ 'ਤੇ ਕੁੱਟ ਮਾਰ ਕਰਨ ਦੀ ਵੀਡੀਓ ਰਿਕਾਰਡਿੰਗ ਪੂਰਾ ਸਾਲ ਸੋਸ਼ਲ ਮੀਡੀਏ 'ਤੇ ਛਾਈ ਰਹੀ। ਸਾਕਾ ਦਰਬਾਰ ਤੋਂ ਬਾਅਦ ਸ਼ੁਰੂ ਹੋਏ ਸਿੱਖ ਸੰਘਰਸ਼ ਵਿੱਚ ਕੁੱਦੇ ਸਿੱਖ ਨੌਜਵਾਨਾਂ ਨੂੰ ਭਾਰਤੀ ਅਦਾਲਤਾਂ ਵੱਲੋਂ ਵੱਖ-ਵੱਖ ਮੁਕੱਦਿਆਂ ਵਿੱਚ ਦਿੱਤੀਆਂ ਸਜ਼ਾਵਾਂ ਪੂਰੀਆਂ ਹੋਣ ਦੇ ਬਾਵਜੂਦ ਵੀ ਉਹਨਾਂ ਨੂੰ ਨਜ਼ਰਬੰਦ ਰੱਖਣ ਦੇ ਮਾਮਲੇ 'ਤੇ ਭੁੱਖ ਹੜਤਾਲ ਉਪਰ ਬੈਠੇ ਭਾਈ ਗੁਰਬਖਸ਼ ਸਿੰਘ ਖਾਲਸਾ ਦਾ ਇਹਨਾਂ ਵਿੱਚੋਂ 6 ਨਜ਼ਰਬੰਦ ਸਿੰਘਾਂ ਦੀ ਰਿਹਾਈ ਲਈ ਰੱਖਿਆ ਮਰਨ ਵਰਤ 40ਵੇਂ ਦਿਨ ਵਿਚ ਦਾਖਲ ਹੋ ਰਿਹਾ ਹੈ ਅਤੇ ਪੰਜਾਬ ਸਰਕਾਰ ਵੱਲੋਂ ਚਾਰ ਨਜ਼ਰਬੰਦ ਸਿੰਘਾਂ ਨੂੰ ਪੈਰੋਲ 'ਤੇ ਰਿਹਾਅ ਵੀ ਕੀਤਾ ਜਾ ਰਿਹਾ ਹੈ ਅਤੇ ਬਾਕੀ ਦੇ ਦੋ ਸਿੰਘਾਂ ਦੀ ਰਿਹਾਈ ਲਈ ਵੀ ਯਤਨ ਹੋ ਰਹੇ ਹਨ। ਭਾਈ ਗੁਰਬਖਸ਼ ਸਿੰਘ ਖਾਲਸਾ ਵੱਲੋਂ ਸ਼ੁਰੂ ਕੀਤੇ ਗਏ ਸੰਘਰਸ਼ ਵਿਚ ਭਾਵੇਂ ਸ਼ੁਰੂਆਤੀ ਦੌਰ ਵਿਚ ਪੰਜਾਬ ਦੇ ਸਿੱਖਾਂ ਵੱਲੋਂ ਬਹੁਤੀ ਰੁਚੀ ਨਹੀਂ ਦਿਖਾਈ ਗਈ, ਪਰ ਵਿਦੇਸ਼ੀ ਮੀਡੀਆ ਵੱਲੋਂ ਕੀਤੇ ਗਏ ਜੋਰਦਾਰ ਪ੍ਰਚਾਰ ਸਦਕਾ ਇਹ ਸੰਘਰਸ਼ ਚਰਚਾ ਵਿੱਚ ਆ ਗਿਆ। ਇਧਰ ਪੰਜਾਬ ਦੀ ਅਕਾਲੀ ਸਰਕਾਰ ਵੱਲੋਂ ਕਰਵਾਏ ਜਾ ਰਹੇ ਵਰਲਡ ਕਬੱਡੀ ਕੱਪ ਦੇ ਪ੍ਰਚਾਰ ਅਤੇ ਸਿੱਧੇ ਪ੍ਰਸਾਰਣ ਨੇ ਸਮੁੱਚੇ ਪੰਜਾਬੀਆਂ ਨੂੰ ਪ੍ਰਿਅੰਕਾ ਚੋਪੜਾ ਦੇ ਠੁਮਕਿਆਂ ਵਿਚ ਉਲਝਾਇਆ ਹੋਇਆ ਸੀ ਅਤੇ ਬਾਦਲ ਪਰਵਾਰ ਵੱਲੋਂ ਆਪਣੀ ਬੱਲੇ ਬੱਲੇ ਕਰਵਾਈ ਜਾ ਰਹੀ ਸੀ। ਦੂਸਰੇ ਪਾਸੇ ਭਾਰਤ ਦੇ ਹਿੰਦੂਵਾਦੀ ਨੈਸ਼ਨਲ ਮੀਡੀਆ ਵੱਲੋਂ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਕੀਤੇ ਜਾ ਰਹੇ ਧੂੰਆਂਧਾਰ ਪ੍ਰਚਾਰ, ਚਾਰ ਰਾਜਾਂ ਵਿੱਚ ਹੋ ਰਹੀਆਂ ਵਿਧਾਨ ਸਭਾ ਚੋਣਾਂ, ਦਿੱਲੀ 'ਚ ਜਿੱਤੀ ਕੇਜਰੀਵਾਲ ਦੀ ਪਾਰਟੀ ਅਤੇ ਅੰਨਾ ਹਜ਼ਾਰੇ ਦੀ ਭੁੱਖ ਹੜਤਾਲ ਦੀ ਖਬਰਾਂ ਵਿੱਚ ਭਾਈ ਗੁਰਬਖਸ਼ ਸਿੰਘ ਖਾਲਸਾ ਦੇ ਸੰਘਰਸ਼ ਨੂੰ ਕਿਧਰੇ ਦੋ ਮਿੰਟ ਦੀ ਕਵਰੇਜ ਦੇਣ ਲਈ ਵੀ ਸਮਾਂ ਨਹੀਂ ਹੈ। ਪੰਜਾਬ ਵਿਚ ਛਪਦੇ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਅਖਬਾਰਾਂ ਵੱਲੋਂ ਵੀ ਭਾਈ ਗੁਰਬਖਸ਼ ਸਿੰਘ ਖਾਲਸਾ ਦੇ ਸੰਘਰਸ਼ ਅਤੇ ਭੁੱਖ ਹੜਤਾਲ ਸਬੰਧੀ ਕੋਈ ਖਬਰ ਪ੍ਰਕਾਸ਼ਿਤ ਨਹੀਂ ਕੀਤੀ ਜਾ ਰਹੀ ਸੀ, ਪਰ ਇਸ ਦੌਰਾਨ ਗਿਣਤੀ ਦੇ ਦੋ ਕੁ ਪੰਜਾਬੀ ਅਖਬਾਰਾਂ ਵੱਲੋਂ ਵੀ ਭਾਈ ਖਾਲਸਾ ਦੀ ਭੁੱਖ ਹੜਤਾਲ ਸਬੰਧੀ ਖਬਰਾਂ ਪ੍ਰਕਾਸ਼ਿਤ ਕੀਤੀ ਗਈਆਂ ਹਨ। ਜਿਸ ਕਾਰਨ ਸਮੁੱਚੇ ਪੰਜਾਬ ਦੇ ਪਿੰਡਾਂ ਅਤੇ ਸ਼ੱਥਾਂ ਤੱਕ ਭਾਈ ਖਾਲਸਾ ਦੇ ਸੰਘਰਸ਼ ਦੀ ਖਬਰਾਂ ਬਹੁਤ ਦੇਰੀ ਨਾਲ ਪੁਹੰਚੀਆਂ। ਜਿਸ ਨਾਲ ਮਹਿਸੂਸ ਕੀਤਾ ਗਿਆ ਕਿ ਸਿੱਖ ਕੌਮ ਨੂੰ ਆਪਣੇ ਮਜਬੂਤ ਮੀਡੀਏ ਦੀ ਬੇਹੱਦ ਜਰੂਰਤ ਹੈ। ਦੂਸਰੇ ਪਾਸੇ ਭਾਈ ਗੁਰਬਖਸ਼ ਸਿੰਘ ਖਾਲਸਾ ਵੱਲੋਂ ਵਿੱਢੇ ਸੰਘਰਸ਼ ਨੂੰ ਰੋਕਣ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਸਾਮ-ਦਾਮ-ਦੰਡ-ਭੇਦ ਸਭ ਤਰਾਂ ਦੇ ਹਥਕੰਡੇ ਅਪਣਾਏ ਗਏ, ਜਿਹਨਾਂ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਮੇਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸੰਤ ਸਮਾਜ, ਅਕਾਲੀ ਅਤੇ ਪੰਥਕ ਕਹਾਉਂਦੇ ਆਗੂਆਂ ਅਕਾਲੀ ਸਰਕਾਰ ਨੇ ਆਪਣੀ ਮਰਜੀ ਮੁਤਾਬਿਕ ਵਰਤਿਆ, ਜਿਸ ਨੇ ਸਬਾਤ ਕਰ ਦਿੱਤਾ ਕਿ ਪੰਜਾਬ ਵਿਚ ਸਿੱਖਾਂ ਦੀਆਂ ਸਾਰੀਆਂ ਸਕਤੀਆਂ ਇਸ ਮੌਕੇ ਅਕਾਲੀ ਸਰਕਾਰ ਦੀ ਗੁਲਾਮ ਹੋ ਚੁੱਕੀਆਂ ਹਨ। ਬੀਤੇ ਵਰ੍ਹੇ ਨੇ ਸਿੱਖ ਕੌਮ ਨੂੰ ਬਹੁਤ ਸਾਰੇ ਸਬਕ ਵੀ ਦਿੱਤੇ ਹਨ ਅਤੇ ਬਹੁਤ ਸਾਰੇ ਨਵੇਂ ਰਾਹ ਵੀ ਖੋਲ ਦਿੱਤੇ ਹਨ। ਅਸੀਂ ਇਸ ਵਰ੍ਹੇ ਦਾ ਵੱਡਾ ਸਬਕ ਇਹ ਮੰਨਦੇ ਹਾਂ ਕਿ ਜਿੰਨਾ ਚਿਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਅਕਾਲੀ ਸਰਕਾਰ ਦੇ ਕਬਜੇ ਵਿਚ ਮੁਕਤ ਨਹੀਂ ਕੀਤਾ ਜਾਂਦਾ, ਉਨਾਂ ਚਿਰ ਕੌਮ ਕਿਸੇ ਵੀ ਨਿਸ਼ਾਨੇ ਦੀ ਪੂਰਤੀ ਵੱਲ ਵਧ ਹੀ ਨਹੀਂ ਸਕਦੀ। ਭਾਈ ਗੁਰਬਖਸ਼ ਸਿੰਘ ਖਾਲਸਾ ਦੇ ਸੰਘਰਸ਼ ਨੂੰ ਰਾਹ ਵਿਚ ਰੋਕਣ ਲਈ ਅਕਾਲੀ ਸਰਕਾਰ ਵੱਲੋਂ ਜਿਸ ਤਰਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਵਰਤਿਆ ਗਿਆ ਹੈ, ਉਸਨੇ ਸਪੱਸ਼ਟ ਕਰ ਦਿੱਤਾ ਹੈ ਕਿ ਅਕਾਲ ਤਖਤ ਸਾਹਿਬ ਦਾ ਜਥੇਦਾਰ ਸਿੱਖ ਕੌਮ ਲਈ ਨਹੀਂ, ਸਿਰਫ ਤੇ ਸਿਰਫ ਅਕਾਲੀ ਸਰਕਾਰ ਦੇ ਹਿੱਤਾਂ ਦੀ ਪੂਰਤੀ ਲਈ ਹੀ ਕੰਮ ਕਰ ਰਿਹਾ ਹੈ। ਇਸ ਤਰ੍ਹਾਂ ਹੀ ਸੰਤ ਸਮਾਜ ਅਤੇ ਦਮਦਮੀ ਟਕਸਾਲ ਦਾ ਰੋਲ ਰਿਹਾ, ਜਿਹਨਾਂ ਨੇ ਭਾਈ ਗੁਰਬਖਸ਼ ਸਿੰਘ ਖਾਲਸਾ ਵੱਲੋਂ ਵਿੱਢੇ ਸੰਘਰਸ਼ ਨੂੰ ਪ੍ਰਚਾਰਨ ਦੀ ਬਜਾਏ, ਸੰਘਰਸ਼ ਨੂੰ ਰੋਲਣ ਲਈ ਹੀ ਸਾਰਾ ਜੋਰ ਲਾਇਆ ਹੈ। ਅਸੀਂ ਸਮਝਦੇ ਹਾਂ ਕਿ ਜੇਕਰ ਸੰਤ ਸਮਾਜ ਅਤੇ ਦਮਦਮੀ ਟਕਸਾਲ ਵਾਲੇ ਚਾਹੁੰਦੇ ਤਾਂ ਇਸ ਸੰਘਰਸ਼ ਨੂੰ ਪੰਜਾਬ ਦੇ ਸਿੱਖਾਂ ਦੇ ਘਰਾਂ ਤੱਕ ਪਹੁੰਚਾ ਸਕਦੇ ਸਨ

ਡੇਰਾਵਾਦ ਦੇ ਕਾਰਨ, ਪ੍ਰਭਾਵ ਅਤੇ ਇਸ ਤੋਂ ਸਮਾਜ ਨੂੰ ਮੁਕਤ ਕਰਾਉਣ ਲਈ ਯੋਗ ਹੱਲ

– ਹਰਜਿੰਦਰ ਸਿੰਘ ਰਾਜਸਥਾਨ

ਅੱਜ ਦੇ ਸਮੇਂ ਡੇਰਾਵਾਦ ਇਕ ਅਜਿਹੀ ਸਮੱਸਿਆ ਹੈ, ਜੋ ਕਿਸੇ ਵੀ ਧਰਮ ਦੀ ਰੂਹਾਨੀਅਤ ਨੂੰ ਖਤਮ ਕਰਨ ਲਈ ਮੋਹਰੀ ਬਣੀ ਹੋਈ ਹੈ। ਇਸ ਦੇ ਪ੍ਰਭਾਵ ਤੋਂ ਸਿੱਖ ਧਰਮ ਵੀ ਅਛੂਤਾ ਨਹੀਂ, ਸਗੋਂ ਬਾਕੀਆਂ ਨਾਲੋਂ ਵੀ ਵੱਧ ਡੇਰੇ ਸਿੱਖਾਂ ਵਿਚ ਬਣ ਚੁੱਕੇ ਹਨ। ਪੰਜਾਬ ਦੇ ਪਿੰਡਾਂ ਦੀ ਗਿਣਤੀ ਨਾਲੋਂ ਪੰਜਾਬ ਵਿਚ ਅਖੌਤੀ ਸਾਧਾਂ ਦੀ ਗਿਣਤੀ ਵਧੇਰੇ ਹੈ। ਸਿੱਖ ਧਰਮ ਵਿਚ ਡੇਰਾਵਾਦ ਦੇ ਪ੍ਰਫੁਲਿਤ ਹੋਣ ਦੇ ਕੁਝ ਕਾਰਨ ਇਸ ਤਰ੍ਹਾਂ ਹਨ:

ਲਾਲਸਾ : ਅੱਜ ਤਰੱਕੀ ਦੀ ਸਿਖਰ ਨੂੰ ਛੂਹ ਰਹੇ ਸਮਾਜ ਵਿਚ ਆਪਣੇ-ਆਪ ਲਈ ਇਕ ਚੰਗੇਰਾ ਅਤੇ ਮਜ਼ਬੂਤ ਸਥਾਨ ਬਣਾਉਣ ਦੀ ਲਾਲਸਾ ਇਨਸਾਨ ਨੂੰ ਮਿਹਨਤ ਨਾਲੋਂ ਚਮਤਕਾਰ ਵੱਲ ਵਧੇਰੇ ਖਿੱਚ ਕੇ ਲਿਜਾ ਰਹੀ ਹੈ। ਹਰ ਕੋਈ ਘੱਟ ਸਮੇਂ ਵਿਚ ਵੱਧ ਪੈਸਾ, ਸ਼ੋਹਰਤ ਅਤੇ ਤਰੱਕੀ ਪ੍ਰਾਪਤ ਕਰਨ ਦੀ ਚਾਹਨਾ ਰੱਖਦਾ ਹੈ। ਲੋਕਾਂ ਦੀ ਇਸ ਚਾਹਨਾ ਦਾ ਫਾਇਦਾ ਉਠਾ ਕੇ ਹੀ ਕੁਝ ਲੋਕ ਸਮਾਜ ਵਿਚ ਚਮਤਕਾਰੀ ਬਣ ਆਪਣੀਆਂ ਡੇਰੇ ਨੁਮਾ ਦੁਕਾਨਾਂ ਖੋਲ੍ਹ ਕਾਮਯਾਬ ਹੋ ਗਏ। ਜਲਦੀ ਸਭ ਕੁਝ ਹਾਸਿਲ ਕਰਨ ਦੀ ਲਾਲਸਾ ਅਧੀਨ ਹਰ ਵਰਗ ਨਾਲ ਸੰਬੰਧਿਤ ਲੋਕ ਸਮਾਜ ਵਿਚ ਸਥਾਪਿਤ ਹੋ ਚੁੱਕੇ ਇਹਨਾਂ ਡੇਰਿਆਂ ਦੇ ਪੈਰੋਕਾਰ ਬਣ ਗਏ।

ਬੇਰੁਜ਼ਗਾਰੀ : ਹੁਣ ਦਾ ਸਮਾਂ ਬਹੁਤ ਹੀ ਵਿਕਾਸ ਦਾ ਸਮਾਂ ਹੈ। ਹਰ ਦਿਨ ਨਵੀਆਂ-ਨਵੀਆਂ ਖੋਜਾਂ ਹੋ ਰਹੀਆਂ ਹਨ ਜਿਨ੍ਹਾਂ ਨਾਲ ਸਿੱਖਿਆ ਦੇ ਖੇਤਰ ਵਿਚ ਨਵੇਂ-ਨਵੇਂ ਕੋਰਸਾਂ ਦੀ ਸ਼ੁਰੂਆਤ ਹੋਈ ਹੈ। ਲੋਕ ਪੜ੍ਹ-ਲਿਖ ਚੰਗੇ ਭਵਿੱਖ ਦੀ ਕਾਮਨਾ ਨਾਲ ਇਹਨਾਂ ਕੋਰਸਾਂ ਦਾ ਭਰਪੂਰ ਲਾਹਾ ਉਠਾ ਰਹੇ ਹਨ। ਅਨਪੜ੍ਹਤਾ ਦੀ ਦਰ ਵਿਚ ਕਮੀ ਆਈ ਹੈ ਪਰ ਇਸ ਦੇ ਨਾਲ ਹੀ ਰੁਜ਼ਗਾਰ ਦੀ ਦਰ ਵਿਚ ਵੀ ਕਮੀ ਆਈ ਹੈ, ਖਾਸ ਤੌਰ 'ਤੇ ਪੰਜਾਬ ਵਰਗੇ ਸੂਬੇ ਜੋ ਕਿ ਚੰਗੀ ਇੰਡਸਟਰੀ ਤੋਂ ਸੱਖਣੇ ਹਨ, ਬੇਰੁਜ਼ਗਾਰੀ ਦੀ ਮਾਰ ਹੇਠ ਜਿਆਦਾ ਹਨ। ਲੱਖਾਂ ਰੁਪਏ ਖਰਚ ਕਰ ਡਿਗਰੀ ਲੈਣ ਵਾਲਾ ਜਦੋਂ ਰੁਜ਼ਗਾਰ ਪ੍ਰਾਪਤ ਕਰਨ ਤੋਂ ਅਸਫਲ ਹੋ ਜਾਂਦਾ ਹੈ ਤਾਂ ਕਿਸੇ 'ਚਮਤਕਾਰ ਨਾਲ ਨੌਕਰੀ' ਪ੍ਰਾਪਤ ਕਰਨ ਦੀ ਸੋਚ ਦਾ ਸ਼ਿਕਾਰ ਹੋ ਕੇ ਸਮਾਜ ਵਿਚ ਡੇਰੇ ਬਣਾ ਕੇ ਬੈਠੇ ਲੋਟੂ ਸਾਧਾਂ ਦੇ ਸ਼ਿਕੰਜੇ ਵਿਚ ਜਾ ਫਸਦੇ ਹਨ।

ਵਿਤਕਰਾ : ਵਿਤਕਰਾ ਮਤਲਬ ਭੇਦ ਭਾਵ, ਇਹ ਇਕ ਅਜਿਹਾ ਕਾਰਕ ਹੈ ਜਿਸਨੇ ਲੋਕਾਂ ਨੂੰ ਅਖੌਤੀ ਸਾਧਾਂ ਦਾ ਸ਼ਿਕਾਰ ਸਭ ਨਾਲੋਂ ਵੱਧ ਬਣਾਇਆ ਹੈ। ਵਿਤਕਰਾ ਸਮਾਜ ਦੇ ਹਰ ਪੱਧਰ 'ਤੇ ਹੈ। ਉੱਚੀ-ਨੀਵੀਂ ਜ਼ਾਤ ਦਾ ਵਿਤਕਰਾ ਅਤੇ ਅਮੀਰ-ਗਰੀਬ ਦਾ ਵਿਤਕਰਾ, ਭੇਦ-ਭਾਵ ਦੀਆਂ ਦੋ ਐਸੀਆਂ ਕਿਸਮਾਂ ਹਨ ਜਿਨ੍ਹਾਂ ਨੇ ਸਮਾਜ ਨੂੰ ਅਲੱਗ-ਥਲੱਗ ਕਰ ਦਿੱਤਾ ਹੈ। ਭਾਵੇਂ ਸਿੱਖ ਧਰਮ ਵਿਚ ਜ਼ਾਤ-ਪਾਤ ਵਰਗੀ ਅਲਾਮਤ ਦੀ ਕੋਈ ਥਾਂ ਨਹੀਂ ਪਰ ਫਿਰ ਵੀ ਸਿੱਖ ਧਰਮ ਵਿੱਚੋਂ ਇਹ ਕੁਰੀਤੀ ਮਨਫੀ ਨਹੀਂ ਹੋਈ। ਆਪਣੇ-ਆਪ ਨੂੰ ਉੱਚੀ ਜ਼ਾਤ ਸਮਝਣ ਵਾਲੇ ਲੋਕਾਂ ਨੇ ਦਲਿਤ ਸਮਝੇ ਲੋਕਾਂ ਨਾਲ ਐਨਾ ਵਿਤਕਰਾ ਕੀਤਾ ਕਿ 'ਪਹਿਲੇ ਪੰਗਤ ਪਾਛੈ ਸੰਗਤ' ਦੇ ਸਿਧਾਂਤ ਨੂੰ ਤੋੜ ਗੁਰਦੁਆਰਿਆਂ ਵਿਚ ਵੀ ਦਲਿਤ ਭਾਈਚਾਰੇ ਲਈ ਅਲੱਗ ਪੰਗਤਾਂ ਬਣ ਗਈਆਂ, ਬਰਤਨ ਅਲੱਗ ਹੋ ਗਏ। ਇਸ ਸਭ ਦਾ ਨਤੀਜਾ ਅੱਜ ਹਰ ਪਿੰਡ-ਸ਼ਹਿਰ ਵਿਚ ਜ਼ਾਤਾਂ 'ਤੇ ਅਧਾਰਿਤ ਗੁਰਦੁਆਰੇ ਦੇਖੇ ਜਾ ਸਕਦੇ ਹਨ। ਗੁਰਮਤਿ ਅਨੁਸਾਰ ਇਸ ਸਮੱਸਿਆਂ ਦਾ ਸਾਹਮਣਾ ਕਰਨ ਦੀ ਥਾਂ ਦਲਿਤ ਭਾਈਚਾਰਾ ਵੀ ਅਲੱਗ ਹੋ ਗਿਆ। ਉਹਨਾਂ ਆਪਣੇ ਵੱਖਰੇ ਗੁਰਦੁਆਰੇ ਬਣਾ ਲਏ। ਇੱਥੋਂ ਤੱਕ ਕਿ ਗੁਰੂ ਅਰਜਨ ਸਾਹਿਬ ਨੇ ਜਿਸ ਬਾਣੀ ਨੂੰ 'ਇੱਕ ਥਾਂ' ਇੱਕਠਾ ਕੀਤਾ ਸੀ, ਉਹ ਬਾਣੀ ਵੀ ਵੰਡ ਲਈ। ਲੋਕਾਂ ਵਿੱਚ ਪਏ ਇਸ 'ਬਿੱਲੀਆਂ ਦੀ ਲੜਾਈ' ਦੇ ਪਾੜੇ ਦਾ ਫਾਇਦਾ ਕੁਝ ਅਖੌਤੀ ਲੋਕਾਂ ਨੇ ਉਠਾ ਲਿਆ। ਜੋ ਆਪ ਸੰਬੰਧਿਤ ਭਾਈਚਾਰੇ ਲਈ 'ਸੰਤ' ਬਣ ਮਹਾਨ ਹੋ ਗਏ ਅਤੇ ਲੋਕਾਂ ਨੂੰ ਗੁੰਮਰਾਹ ਕਰ ਉਹਨਾਂ ਆਪਣੀ ਕਮਾਈ ਦੇ ਰਸਤੇ ਖੋਲ੍ਹ ਲਏ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਵੰਡੀਆਂ ਗੁਰੂ ਸਾਹਿਬਾਨ ਨੇ ਨਹੀਂ ਸੀ ਪਾਈਆਂ, ਇਹ ਕੁਝ ਗਲਤ ਲੋਕਾਂ ਦੀ ਫੋਕੀ ਹੈਂਕੜ ਦੀ ਉਪਜ ਸੀ, ਜ਼ਰੂਰਤ ਸੀ ਇਹਨਾਂ ਗੁਰਮਤਿ ਸਿਧਾਂਤ ਨੂੰ ਖੋਰਾ ਲਾਉਣ ਵਾਲੀਆਂ ਤਾਕਤਾਂ ਦਾ ਮੂੰਹ ਭੰਨਣ ਦੀ ਨਾ ਕਿ ਅਲੱਗ ਹੋਣ ਦੀ। ਆਪਣੇ-ਆਪਣੇ ਡੇਰੇ ਬਣਾ ਕੇ ਮਸ਼ਹੂਰ ਹੋਏ ਸਾਧਾਂ ਨੇ ਇਹਨਾਂ ਲੋਕਾਂ ਲਈ ਹਸਪਤਾਲ ਆਦਿ ਸਹੂਲਤਾਂ ਮੁਹੱਈਆ ਕਰਵਾ ਦਿੱਤੀਆਂ ਜਿੱਥੇ ਮੁਫਤ ਜਾਂ ਬਹੁਤ ਹੀ ਵਾਜਬ ਕੀਮਤ 'ਤੇ ਇਲਾਜ ਦੀ ਸੁਵਿਧਾ ਦਿੱਤੀ। ਇਹਨਾਂ ਗੱਲਾਂ ਨੇ ਹੀ ਦਲਿਤ ਭਾਈਚਾਰੇ ਅਤੇ ਹੋਰ ਗਰੀਬ ਵਰਗ ਦੇ ਲੋਕਾਂ ਨੂੰ ਇਹਨਾਂ ਡੇਰਿਆਂ ਨਾਲ ਜੋੜ ਦਿੱਤਾ। ਗੁਰੂ ਸਾਹਿਬ ਨੇ ਸਾਰੇ

ਕਾਰਕ ਦੀ ਵੀ ਬਹੁਤ ਭੂਮਿਕਾ ਰਹੀ ਹੈ। ਅਨਪੜ੍ਹਤਾ ਨੇ ਲੋਕਾਂ ਨੂੰ ਅੰਧ-ਵਿਸ਼ਵਾਸੀ ਬਣਾ ਦਿੱਤਾ। ਸਿੱਖਿਆ ਅਤੇ ਜਾਣਕਾਰੀ ਦੀ ਘਾਟ ਕਾਰਨ ਲੋਕ ਸੱਚ ਨੂੰ ਜਾਨਣ ਤੋਂ ਅਸਮਰੱਥ ਹੋ ਜਾਂਦੇ ਹਨ ਅਤੇ ਸਹਿਜੇ ਹੀ ਗਲਤ ਪ੍ਰਚਾਰ ਦਾ ਸ਼ਿਕਾਰ ਹੋ ਅੰਧ-ਵਿਸ਼ਵਾਸੀ ਬਣ ਜਾਂਦੇ ਹਨ। ਗੁਰਮਤਿ ਸਿਧਾਂਤ ਨੂੰ ਸਮਝਣ ਤੋਂ ਅਸਮਰੱਥ ਲੋਕ ਕਰਮਕਾਂਡ 'ਤੇ ਤਰਕ ਕਰਨ ਦੀ ਸ਼ਕਤੀ ਤੋਂ ਸੱਖਣੇ ਹੁੰਦੇ ਹਨ। ਅਜਿਹੇ ਲੋਕ ਚਮਤਕਾਰੀ ਕਥਾ-ਕਹਾਣੀਆਂ ਨੂੰ ਬਹੁਤ ਜਲਦ ਸੱਚ ਮੰਨ ਲੈਂਦੇ ਹਨ। ਇਸੇ ਗੱਲ ਦਾ ਫਾਇਦਾ ਲੈ ਅਖੌਤੀ ਸਾਧਾਂ ਨੇ ਲੋਕਾਂ ਵਿੱਚ ਐਸੀਆਂ ਚਮਤਕਾਰੀ ਕਹਾਣੀਆਂ ਦਾ ਪ੍ਰਚਾਰ ਕੀਤਾ ਕਿ ਲੋਕ ਸੱਚ ਨੂੰ ਦੇਖ ਹੀ ਨਹੀਂ ਸਕੇ ਅਤੇ ਇਹਨਾਂ ਬੁਥਨਿਆਂ ਨੂੰ ਰੱਬ ਬਣਾ ਬੈਠੇ।

ਗੁਰਮਤਿ ਪ੍ਰਚਾਰ ਦੀ ਘਾਟ : ਇਸ ਖੇਤਰ ਵਿਚ ਅਵੇਸਲਾਪਣ ਵੀ ਵਧ ਰਹੇ ਸਾਧਾਂ ਅਤੇ ਡੇਰਿਆਂ ਲਈ ਜ਼ਿੰਮੇਵਾਰ ਹੈ। ਜਦੋਂ ਅਸਲੀ ਗੱਲ ਲੋਕਾਂ ਤੱਕ ਨਹੀਂ ਪਹੁੰਚਦੀ ਤਾਂ ਝੂਠ ਨੂੰ ਸੱਚ ਬਣਨਾ ਬਹੁਤ ਸੌਖਾ ਹੋ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਆੜ ਹੇਠ ਕੁਝ ਲੋਕ ਆਪਣਾ ਧੰਦਾ ਚਲਾ ਰਹੇ ਹਨ। ਉਹ ਲੋਕਾਂ ਅੱਗੇ ਅਸਲ ਸਿਧਾਂਤ ਦੀ ਗੱਲ ਤਾਂ ਛੇੜਦੇ ਹੀ ਨਹੀਂ ਸਗੋਂ ਝੂਠੀਆਂ ਸਾਖੀਆਂ ਨਾਲ ਲੋਕਾਂ ਨੂੰ ਗੁੰਮਰਾਹ ਕਰਦੇ ਹਨ। ਆਪਣੇ ਤੋਂ ਵੱਡੇ ਬਾਬਿਆਂ ਦੀਆਂ ਕਹਾਣੀਆਂ ਨਾਲ ਲੋਕਾਂ ਨੂੰ ਆਪਣੇ ਚਮਤਕਾਰੀ ਗੱਦੀ 'ਤੇ ਬੈਠੇ ਹੋਣ ਦਾ ਭਰਮ ਪਾ ਕੇ ਇਹ ਸਾਧ ਉਹਨਾਂ ਦਾ ਮਾਨਸਿਕ ਸ਼ੋਸ਼ਣ ਕਰਦੇ ਹਨ। ਗੁਰਬਾਣੀ ਦੇ ਸ਼ਬਦਾਂ ਦੇ ਗਲਤ ਅਰਥ ਕਰ, ਪੂਰੇ ਸ਼ਬਦ ਦੀ ਬਜਾਏ ਆਪਣੇ ਮਤਲਬ ਦੀਆਂ ਕੁਝ ਪੰਕਤੀਆਂ ਦੇ ਆਪਣੇ ਅਨੁਸਾਰ ਅਰਥ ਕਰ ਇਹ ਸਾਧ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਇਹ ਸਾਧ 'ਸੰਤ ਕੀ ਨਿੰਦਾ' ਵਾਲੀ ਅਸ਼ਟਪਦੀ ਨਾਲ ਲੋਕਾਂ ਨੂੰ ਡਰਾਉਂਦੇ ਤਾਂ ਹਨ ਪਰ ਇਸ ਅਸ਼ਟਪਦੀ ਵਿਚ ਜਿਸ ਸੰਤ ਦੀ ਗੱਲ ਕੀਤੀ ਗਈ ਹੈ, ਉਸ ਬਾਰੇ ਸੱਚ ਨੂੰ ਛੁਪਾ ਲੈਂਦੇ ਹਨ। ਧਰਮ ਪ੍ਰਚਾਰ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਰਾਜਸੀ ਪ੍ਰਭਾਵ ਹੇਠਾਂ ਆ ਗਈਆਂ ਹਨ ਜਿਸ ਨਾਲ ਉਹ ਆਪਣਾ ਅਸਲ ਕੰਮ ਨਹੀਂ ਕਰ ਪਾ ਰਹੀਆਂ। ਲੋਕ ਇਹਨਾਂ ਦੀਆਂ ਕਰਾਮਾਤੀ ਕਹਾਣੀਆਂ ਦੇ ਕਾਇਲ ਹੋ, ਇਹਨਾਂ ਵੱਲੋਂ ਪਾਏ ਗੁਰਬਾਣੀ ਦੇ ਡਰ ਕਾਰਨ ਇਹਨਾਂ ਦੇ ਸ਼ਰਧਾਲੂ ਬਣ ਡੇਰਿਆਂ ਨਾਲ ਜੁੜ ਜਾਂਦੇ ਹਨ। ਇਸ ਕਮਜ਼ੋਰੀ ਦਾ ਫਾਇਦਾ ਇਹਨਾਂ ਅਖੌਤੀ ਸਾਧਾਂ ਨੇ ਲਿਆ ਹੈ ਅਤੇ ਆਪਣੀ-ਆਪਣੀ ਸੰਪ੍ਰਦਾ ਦਾ ਪ੍ਰਚਾਰ ਕਰ ਪੂਰੀ ਤਰ੍ਹਾਂ ਸਥਾਪਿਤ ਹੋ ਚੁੱਕੇ ਹਨ।

ਪਤਿਤਪੁਣਾ : ਇਸ ਸ਼ਬਦ ਦਾ ਘੇਰਾ ਬਹੁਤ ਵਿਸ਼ਾਲ ਹੈ ਪਰ ਸਾਡੀ ਕੌਮ ਨੇ ਇਸ ਨੂੰ ਸੀਮਤ ਕਰ ਦਿੱਤਾ ਹੈ। ਸਿੱਖਾਂ ਵਿਚ 'ਪਤਿਤ' ਦਾ ਅਰਥ ਸਿਰਫ ਕੇਸ-ਦਾਹੜੀ ਕਤਲ ਕਰਵਾਉਣ ਵਾਲੇ ਤੱਕ ਹੀ ਸੀਮਤ ਕਰ ਦਿੱਤਾ ਗਿਆ। ਇਹ ਠੀਕ ਹੈ ਕਿ ਕੇਸ ਕਤਲ ਕਰਵਾਉਣ ਵਾਲੇ ਵੀ ਇਸ ਸ਼੍ਰੇਣੀ ਵਿਚ ਆਉਂਦੇ ਹਨ ਪਰ ਇਸ ਦਾ ਘੇਰਾ ਸਿਰਫ ਕੇਸਾਂ ਤੱਕ ਨਹੀਂ ਹੈ। ਇਸ ਸ਼ਬਦ ਦੀ ਕਈ ਵਾਰ ਗਲਤ ਵਰਤੋਂ ਲੋਕਾਂ ਵਿਚ ਨਿਰਾਸ਼ਤਾ ਪੈਦਾ ਕਰਦੀ ਹੈ। ਕਈ ਵਾਰ ਬੱਚੇ ਗਲਤ ਸੰਗਤ ਕਾਰਨ ਕੇਸ ਕਤਲ ਕਰਵਾ ਬੈਠਦੇ ਹਨ, ਜਦੋਂ ਉਹ ਵੱਡੇ ਹੁੰਦੇ ਹਨ ਤਾਂ ਸੋਝੀ ਆਉਣ 'ਤੇ ਘਰ ਵਾਪਿਸ ਆਉਣ ਦੀ ਸੋਚ ਪ੍ਰਬਲ ਹੁੰਦੀ ਹੈ, ਉਹ ਸਿੱਖ ਹੋਣ 'ਤੇ ਮਾਣ ਮਹਿਸੂਸ ਕਰਦੇ ਹਨ ਤਾਂ ਉਹਨਾਂ ਨੂੰ ਪਤਿਤ ਕਹਿ ਕੇ ਚਿੜਾਇਆ ਜਾਂਦਾ ਹੈ, ਬੱਸ ਕਈ ਵਾਰ ਇੱਥੇ ਗੱਲ ਬਣਦੀ-ਬਣਦੀ ਵਿਗੜ ਜਾਂਦੀ ਹੈ।

ਉੱਪਰ ਦਿੱਤੇ ਕਾਰਨ ਭਾਵੇਂ ਅੰਸ਼ਿਕ ਮਾਤਰ ਹੀ ਹੋਣ ਪਰ ਬਹੁਤ ਹੀ ਮਹੱਤਵਪੂਰਨ ਹਨ। ਹੋਰ ਵੀ ਅਨੇਕਾਂ ਕਾਰਨ ਹੋ ਸਕਦੇ ਆ ਜਿੰਨ੍ਹਾਂ ਦੇ ਸਿਰ 'ਤੇ ਇਹ ਡੇਰਵਾਦ 'ਤੇ ਅਖੌਤੀ ਸਾਧਾਂ ਦੀ ਅਮਰਵੇਲ ਵਧ ਰਹੀ ਹੈ। ਸਾਰੇ ਕਾਰਨਾਂ ਨੂੰ ਪਛਾਣ ਕੇ ਉਹਨਾਂ ਦੇ ਹੱਲ ਬਾਰੇ ਗੰਭੀਰਤਾ ਨਾਲ ਸੋਚਣਾ ਬਹੁਤ ਜਰੂਰੀ ਹੈ ਤਾਂ ਜੋ ਇਸ ਕਾਰਨ ਪੈਣ ਵਾਲੇ ਅਤੇ ਪੈ ਚੁੱਕੇ ਪ੍ਰਭਾਵਾਂ ਨੂੰ ਦੂਰ ਕੀਤਾ ਜਾ ਸਕੇ। ਡੇਰਾਵਾਦ ਨੇ ਸਿੱਖ ਧਰਮ ਅਤੇ ਸਮੁੱਚੇ ਸਮਾਜ ਨੂੰ ਪ੍ਰਭਾਵਿਤ ਕੀਤਾ ਹੈ, ਉਹ ਕੁਝ ਇਸ ਪ੍ਰਕਾਰ ਹੈ:

–ਸਿੱਖ ਧਰਮ ੧ਓ ਦਾ ਨਿਆਰਾ ਅਤੇ ਏਕੇ ਦਾ ਸਿਧਾਂਤ ਬੁਰੀ ਤਰ੍ਹਾਂ ਟੁਕੜੇ-ਟੁਕੜੇ ਹੋ ਗਿਆ ਹੈ।

–ਸਮਾਜ ਵਿਚ ਵੰਡੀਆਂ ਪੈ ਚੁੱਕੀਆਂ ਹਨ, ਸਮਾਜਿਕ ਸਹਿਯੋਗ ਮਨਫੀ ਹੋ ਗਿਆ ਹੈ ਜਿਸ ਨਾਲ ਅਰਾਜਕਤਾ ਦੀ ਸਥਿੱਤੀ ਪੈਦਾ ਹੋ ਗਈ ਹੈ।

–ਸਿੱਖ ਕੌਮ ਦੀ ਆਉਣ ਵਾਲੀ ਨਸਲ ਸ਼ਾਨਾਮੱਤੇ ਇਤਿਹਾਸ ਨੂੰ ਜਾਨਣ ਤੋਂ ਵਾਂਝੀ ਹੁੰਦੀ ਜਾ ਰਹੀ ਹੈ।

–ਪੰਥ ਨੂੰ ਇਕਜੁੱਟ ਕਰਨ ਵਾਲੀ 'ਪੰਥ ਪ੍ਰਵਾਣਿਤ ਰਹਿਤ ਮਰਿਆਦਾ' ਦੀ ਥਾਂ, ਹਰ ਡੇਰੇ ਦੀ ਆਪਣੀ-ਆਪਣੀ ਮਰਿਆਦਾ ਹੈ। ਭਾਵੇਂ ਮੌਜੂਦਾ ਰਹਿਤ ਮਰਿਆਦਾ ਵਿਚ ਵੀ

– ਅਖੌਤੀ ਸਾਧਾਂ ਦੀਆਂ ਗੱਲਾਂ ਵਿਚ ਆ ਸਿੱਖ ਵੀ ਬਾਕੀ ਧਰਮਾਂ ਵਾਂਗ ਕਰਮਕਾਂਡੀ ਬਣਦੇ ਜਾ ਰਹੇ ਹਨ।

– ਅਖੌਤੀ ਸਾਧ ਲੋਕਾਂ ਦੀ ਬੇਸਮਝੀ ਦਾ ਫਾਇਦਾ ਉਠਾ, ਉਹਨਾਂ ਦਾ ਮਾਨਸਿਕ ਅਤੇ ਇੱਥੋਂ ਤੱਕ ਕੇ ਸਰੀਰਕ ਸ਼ੋਸ਼ਣ ਕਰ ਰਹੇ ਹਨ।

– ਲੋਕਾਂ ਵਿਚ ਲੜਕਾ ਪੈਦਾ ਹੋਣ ਲਈ ਸਾਧਾਂ ਤੋਂ 'ਫਲ' ਪੁਆਉਣ ਵਰਗੇ ਰਿਵਾਜ਼ ਸਿੱਖੀ ਵਿੱਚ ਭਾਰੂ ਹੋ ਰਹੇ ਹਨ।

– ਸਮਾਜਿਕ ਅਤੇ ਪਰਿਵਾਰਿਕ ਰਿਸ਼ਤਿਆਂ ਦਾ ਘਾਣ ਹੋ ਰਿਹਾ ਹੈ। ਹਰ ਬਾਬੇ ਦੇ ਆਪਣੇ ਪੈਰੋਕਾਰਾਂ ਦੀ ਗਿਣਤੀ ਵਧਣ ਨਾਲ ਸਮਾਜ ਵਿਚ ਵੰਡੀਆਂ ਪੈ ਚੁੱਕੀਆਂ ਹਨ।

– 'ਸਰਬੱਤ ਦਾ ਭਲਾ' ਮੰਗਣ ਵਾਲੇ ਸਿਧਾਂਤ ਦੇ ਪ੍ਰਚਾਰ ਦੀ ਘਾਟ ਕਾਰਨ ਅਤੇ ਡੇਰੇਦਾਰਾਂ ਦੇ ਪ੍ਰਚਾਰ ਨਾਲ ਸਮਾਜ ਵਿਚ ਗੰਦੀ ਰਾਜਨੀਤੀ ਜ਼ੋਰ ਫੜ੍ਹ ਚੁੱਕੀ ਹੈ।

– ਡੇਰੇਦਾਰ ਆਪਣੇ ਪਹਿਲੇ ਬਾਬਿਆਂ ਦੀਆਂ ਫੋਟੋਆਂ ਰਾਹੀਂ ਮੂਰਤੀ-ਪੂਜਾ ਵਰਗੀ ਮਨਮਤਿ ਨੂੰ ਪ੍ਰਚਾਰ ਰਹੇ ਹਨ 'ਤੇ ਲੋਕ ਉਸਨੂੰ ਅਪਣਾ ਚੁੱਕੇ ਹਨ।

– ਡੇਰੇਦਾਰ ਅਤੇ ਸਾਧ-ਬਾਬੇ ਲੋਕਾਂ ਨੂੰ ਝੂਠੀਆਂ ਅਤੇ ਚਮਤਕਾਰੀ ਕਹਾਣੀਆਂ ਸੁਣਾ ਕੇ ਜਿੱਥੇ ਲੋਕਾਂ ਦੇ ਮਨਾਂ ਵਿਚ ਡਰ ਪੈਦਾ ਕਰ ਰਹੇ ਹਨ ਉੱਥੇ ਹੀ ਸਿੱਖੀ ਨੂੰ ਵੀ ਚਮਤਕਾਰੀ ਬਣਾ ਕੇ ਪੇਸ਼ ਕਰ ਰਹੇ ਹਨ।

ਇਹਨਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਪ੍ਰਭਾਵ ਐਸੇ ਹਨ ਜੋ ਕਈ ਵਾਰ ਦੇਖਣ ਨੂੰ ਮਾਮੂਲੀ ਲਗਦੇ ਹਨ ਪਰ ਉਹਨਾਂ ਦੇ ਸਿੱਟੇ ਬੜੇ ਗੰਭੀਰ ਨਿਕਲਦੇ ਹਨ। ਕਈ ਐਸੀਆਂ ਗੱਲਾਂ ਹੋਰ ਵੀ ਬਹੁਤ ਹੋ ਸਕਦੀਆਂ ਹਨ ਜੋ ਸਿੱਖੀ ਦੀ ਰੂਹਾਨੀਅਤ ਨੂੰ ਖਤਮ ਕਰ ਰਹੀਆਂ ਹਨ। ਜ਼ਰੂਰਤ ਹੈ ਇਹਨਾਂ ਛੋਟੀਆਂ-ਵੱਡੀਆਂ ਗੱਲਾਂ ਦੇ ਨਿਕਲਣ ਵਾਲੇ ਗੰਭੀਰ ਸਿੱਟਿਆਂ ਬਾਰੇ ਸਮਝਦਾਰ ਹੁੰਦੇ ਹੋਏ ਕੌਮ ਦੇ ਭਵਿੱਖ ਨੂੰ ਉਜਵਲ ਬਣਾਉਣ ਅਤੇ ਰੂਹਾਨੀਅਤ ਨੂੰ ਬਰਕਰਾਰ ਰੱਖਣ ਲਈ ਇਹਨਾਂ ਪ੍ਰਭਾਵਾਂ ਤੋਂ ਬਚਾਅ ਕਰਨ ਦੇ ਯਤਨ ਤੇਜ਼ ਕੀਤੇ ਜਾਣ।

ਡੇਰਾਵਾਦ ਨੂੰ ਠੱਲ੍ਹਣ ਲਈ ਕੁਝ ਤਰੀਕੇ

ਬਰਾਬਰਤਾ ਦਾ ਹੱਕ ਬਹਾਲ ਕਰਨਾ : ਸਿੱਖ ਕੌਮ ਨੂੰ 'ਇਕ' ਦੇ ਸਿਧਾਂਤ ਨਾਲ ਜੋੜਨ ਲਈ ਇਹ ਅਤਿ ਜ਼ਰੂਰੀ ਹੈ ਕਿ ਹਰ ਵਰਗ ਦੇ ਸਿੱਖਾਂ ਨੂੰ ਬਰਾਬਰ ਦਾ ਅਧਿਕਾਰ ਮਿਲੇ। ਸਿੱਖ ਧਰਮ ਅਤੇ ਗੁਰਦੁਆਰਿਆਂ ਵਿਚ ਜ਼ਾਤ-ਪਾਤ, ਉਚ-ਨੀਚ ਦਾ ਵਿਵਹਾਰ ਬੰਦ ਹੋ ਕੇ **'ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥' (ਪੰਨਾ 1349)** ਦੇ ਸਿਧਾਂਤ ਨੂੰ ਲਾਗੂ ਕੀਤਾ ਜਾਵੇ ਅਤੇ ਅਸਲ ਵਿੱਚ ਮੰਨਿਆ ਜਾਵੇ। ਲੰਗਰ 'ਤੇ ਸਰੋਵਰ-ਇਸ਼ਨਾਨ ਮਹਿਜ ਇਕ ਕਰਮਕਾਂਡ ਬਣ ਕੇ ਨਾ ਰਹਿਣ ਬਲਕਿ ਗੁਰੂ ਸਾਹਿਬ ਦੇ ਸਿਧਾਂਤ ਦਾ ਪ੍ਰਚਾਰ ਕਰਨ।

ਗੁਰਮਤਿ ਪ੍ਰਚਾਰ : ਸਿੱਖਾਂ ਵਿਚ ਵਧ ਰਹੇ ਪਤਿਤਪੁਣੇ ਅਤੇ ਅੰਧਵਿਸ਼ਵਾਸ਼ਾਂ ਨੂੰ ਖਤਮ ਕਰਨ ਲਈ ਗੁਰਮਤਿ ਪ੍ਰਚਾਰ ਦੀ ਲਹਿਰ ਨੂੰ ਹੋਰ ਵੀ ਤੇਜ਼ ਕੀਤਾ ਜਾਵੇ। ਲੋਕਾਂ ਨੂੰ ਗੁਰਬਾਣੀ ਅਧਾਰ ਨਾਲ ਸਮਝਾਇਆ ਜਾਵੇ ਅਤੇ ਇਕੋ ਇਕ ਪ੍ਰਮਾਤਮਾ ਦੇ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਜਾਵੇ। ਗੁਰੂ ਸਾਹਿਬਾਨ ਦੇ ਜੀਵਨ ਨਾਲ ਸੰਬੰਧਿਤ ਸਾਰੀਆਂ ਝੂਠੀਆਂ ਅਤੇ ਚਮਤਕਾਰੀ ਕਹਾਣੀਆਂ ਨੂੰ ਰੱਦ ਕਰ ਗੁਰਮਤਿ ਅਨੁਸਾਰ ਬਤੀਤ ਕੀਤੇ ਜੀਵਨ ਬਾਰੇ ਦੱਸਿਆ ਜਾਵੇ। ਸਿੱਖੀ ਸਿਦਕ ਲਈ ਜਾਨਾਂ ਕੁਰਬਾਨ ਕਰਨ ਵਾਲੇ ਸ਼ਹੀਦਾਂ ਦੀਆਂ ਗਾਥਾਵਾਂ ਸੁਣਾਈਆਂ ਜਾਣ। ਸਿੱਖੀ ਨੂੰ ਪ੍ਰਫੁਲਿਤ ਕਰਨ ਲਈ ਧਰਮ ਪ੍ਰਚਾਰ ਦੇ ਕੈਂਪ ਵੱਧ ਤੋਂ ਵੱਧ ਲਗਾਏ ਜਾਣ ਤਾਂ ਜੋ ਅਖੌਤੀ ਸਾਧਾਂ ਵੱਲੋਂ ਦੇਹਾਂ ਨੂੰ ਪੂਜਣ ਦਾ ਬਣਾਇਆ ਭਰਮ-ਜਾਲ ਟੁੱਟ ਸਕੇ ਅਤੇ ਲੋਕ 'ਇੱਕ' ਨਾਲ ਜੁੜਨ।

ਬਾਲ ਮਨਾਂ ਨੂੰ ਗੁਰਬਾਣੀ ਨਾਲ ਜੋੜਨਾ : ਬਾਲ ਮਨ ਬਹੁਤ ਕੋਮਲ ਅਤੇ ਚੰਚਲ ਹੋਣ ਦੇ ਨਾਲ-ਨਾਲ ਯਾਦ ਸ਼ਕਤੀ ਦੀ ਵਧੇਰੇ ਸਮਰੱਥਾ ਵਾਲਾ ਵੀ ਹੁੰਦਾ ਹੈ। ਸਿੱਖ ਕੌਮ ਨੂੰ ਕਰਮਕਾਂਡ ਅਤੇ ਮਨਮਤਿ ਤੋਂ ਬਚਾ ਕੇ ਰੱਖਣ ਲਈ ਇਹ ਜ਼ਰੂਰੀ ਹੈ ਕਿ ਛੋਟੀ ਉਮਰ ਦੀ ਕੌਮੀ ਸ਼ਕਤੀ ਨੂੰ ਸੰਭਾਲਿਆ ਜਾਵੇ। ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਲਈ ਵਿਸ਼ੇਸ਼ ਕੈਂਪ ਲਗਾਏ ਜਾਣ। ਬੱਚਿਆਂ ਨੂੰ ਗੁਰੂ ਸਾਹਿਬਾਨ ਦੇ ਜੀਵਨ ਨਾਲ ਸੰਬੰਧਿਤ ਸੱਚੀਆਂ ਗੱਲਾਂ ਦੱਸੀਆਂ ਜਾਣ ਨਾ ਕਿ ਰੋਮਾਂਚ ਪੈਦਾ ਕਰਨ ਲਈ ਚਮਤਕਾਰੀ ਕਹਾਣੀਆਂ ਸੁਣਾਈਆਂ ਜਾਣ। ਗੁਰਬਾਣੀ ਪੜ੍ਹਨ ਅਤੇ ਸਮਝਣ ਦੀ ਆਦਤ ਬੱਚਿਆਂ ਨੂੰ ਬਚਪਨ ਤੋਂ ਹੀ ਪਾਈ ਜਾਵੇ ਪਰ ਇਸ ਤਰੀਕੇ ਕਿ ਉਹ ਬੋਝਲ ਨਾ ਸਮਝਣ।

ਤਰਕ ਸ਼ਕਤੀ ਦਾ ਵਿਕਾਸ ਕਰਨਾ : ਆਮ ਲੋਕਾਂ ਵਿਚ ਤਰਕ ਕਰਨ ਦੀ ਸਮਰੱਥਾ ਦਾ ਵਿਕਾਸ ਕਰਨ ਲਈ ਜਾਗਰੂਕਤਾ ਫੈਲਾਈ ਜਾਵੇ। ਜੀਵਨ ਨਾਲ ਜੁੜੀ ਹਰ ਕੁਦਰਤੀ

ਰਸਤਾ ਦੱਸਦਾ ਹੈ ਪਰ ਇਹਨਾਂ ਰਸਤਿਆਂ ਵਿਚ ਅਖੌਤੀ ਸਾਧ, ਬਾਬਿਆਂ ਵੱਲੋਂ ਮਨਮਤਿ ਅਤੇ ਕਰਮਕਾਂਡ ਦੇ ਪੱਥਰ ਆਦਿਕ ਸੁੱਟ ਕੇ ਰਸਤਾ ਮੁਸ਼ਕਿਲ ਕਰਨ ਦਾ ਯਤਨ ਕੀਤਾ ਗਿਆ ਹੈ। ਲੋਕਾਂ ਵਿਚ ਇਹਨਾਂ ਸਾਧਾਂ ਦੀਆਂ ਗੱਲਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਕਸਵੱਟੀ 'ਤੇ ਤੁਲਨਾ ਕਰ ਕੇ ਸੱਚ-ਝੂਠ, ਅਸਲ-ਨਕਲ ਦੀ ਪਰਖ ਕਰਨ ਲਈ ਉਤਸ਼ਾਹਿਤ ਕੀਤਾ ਜਾਵੇ। ਸਿੱਖ ਧਰਮ ਆਧੁਨਿਕ ਅਤੇ ਵਿਗਿਆਨਿਕ ਧਰਮ ਹੈ, ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਗੁਰੂ ਸਾਹਿਬ ਨੇ ਖੁਦ ਕਰਵਾਈ, ਬਾਕੀ ਧਰਮਾਂ ਦੇ ਧਰਮ ਗ੍ਰੰਥ ਉਹਨਾਂ ਦੇ ਪੈਗੰਬਰਾਂ ਤੋਂ ਬਾਅਦ ਵਿਚ ਲਿਖੇ ਗਏ। ਗੁਰੂ ਗ੍ਰੰਥ ਸਾਹਿਬ ਦੀ ਫਿਲਾਸਫੀ ਆਧੁਨਿਕ ਅਤੇ ਸਰਲ ਹੈ, ਹਰ ਸਾਧ-ਬਾਬੇ ਦਾ ਝੂਠ ਇਸ ਕਸਵੱਟੀ ਨਾਲ ਸਹਿਜੇ ਹੀ ਫੜ੍ਹਿਆ ਜਾ ਸਕਦਾ ਹੈ, ਇਸ ਲਈ ਲੋਕਾਂ ਵਿਚ ਤੁਲਨਾਤਮਕ ਅਧਿਅਨ ਦੀ ਰੁਚੀ ਦਾ ਵਿਕਾਸ ਕੀਤਾ ਜਾਵੇ।

ਪਤਿਤਪੁਣੇ ਨੂੰ ਰੋਕਣ ਲਈ ਸਹੀ ਪਹੁੰਚ : ਸਿੱਖੀ ਵਿੱਚ ਵਧ ਰਹੇ ਪਤਿਤਪੁਣੇ ਨੂੰ ਰੋਕਣ ਲਈ ਅਤੇ ਲੋਕਾਂ ਨੂੰ ਗੁਰਬਾਣੀ ਨਾਲ ਜੋੜਨ ਲਈ ਸਹੀ ਪਹੁੰਚ ਅਪਣਾਉਣ ਦੀ ਜ਼ਰੂਰਤ ਹੈ। ਲੋਕਾਂ ਨੂੰ ਗੁਰਮਤਿ ਸਿਧਾਂਤ ਅਨੁਸਾਰ ਸਿੱਖੀ ਧਾਰਨ ਕਰਨ ਲਈ, ਕੇਸ ਕਤਲ ਨਾ ਕਰਵਾਉਣ ਲਈ ਸਮਝਾਇਆ ਜਾਵੇ, ਉਹਨਾਂ ਦੇ ਮਨਾਂ ਵਿਚ ਪਹਿਲਾਂ ਸਿੱਖੀ ਲਈ ਪਿਆਰ ਅਤੇ ਤੜਪ ਪੈਦਾ ਕੀਤੀ ਜਾਵੇ ਨਾ ਕਿ 'ਪਤਿਤ' ਕਹਿ ਕੇ ਚਿੜਾਇਆ ਜਾਵੇ। ਕੇਸ-ਦਾਹੜੀ ਕਤਲ ਕਰਾਉਣ ਹੀ ਪਤਿਤ ਨਹੀਂ ਸਗੋਂ ਗੁਰਬਾਣੀ ਦੇ ਸਿਧਾਂਤ ਤੋਂ ਹਰ ਤਰ੍ਹਾਂ ਦੀ ਥਿੜਕਣ 'ਪਤਿਤਪੁਣਾ' ਹੈ। ਸਮਾਜ ਵਿਚ ਬਹੁਤ ਸਾਰੇ ਐਸੇ 'ਸਿੱਖ' ਹਨ ਜੋ ਕੇਸ ਕਤਲ ਕਰਵਾ ਕੇ 'ਪਤਿਤ' ਦਾ ਲਕਬ ਹੰਢਾ ਰਹੇ ਨੇ ਪਰ ਸਿੱਖੀ ਭੇਸ ਵਿਚ ਬਹੁਤ ਸਾਰੇ ਲੋਕ ਚਰਿੱਤਰ ਤੋਂ ਗਿਰੇ ਹੋਏ ਵੀ ਸਿਰਫ ਪਹਿਰਾਵੇ ਕਰਕੇ 'ਸਿੱਖ' ਅਖਵਾ ਰਹੇ ਨੇ। ਸਿੱਖੀ ਸਿਰਫ ਪਹਿਰਾਵਾ ਨਹੀਂ, ਬਲਕਿ ਅੰਦਰ ਦਾ ਟਿਕਾਉ ਹੈ, ਮਨ ਦੀ ਗੁਰਬਾਣੀ ਨਾਲ ਸਾਂਝ ਹੈ, ਹਾਂ ਸਿੱਖ ਦੀਆਂ ਨਿਸ਼ਾਨੀਆਂ ਦਾ ਪੂਰਾ ਹੋਣਾ ਵੀ ਜ਼ਰੂਰੀ ਹੈ ਪਰ ਇਹ ਗੱਲ ਵੀ ਯਾਦ ਰੱਖਣੀ ਚਾਹੀਦੀ ਹੈ ਕਿ 'ਨਿਸ਼ਾਨੀਆਂ' ਸਿਰਫ ਬਾਹਰੀ ਸਰੂਪ ਹੀ ਨਹੀਂ ਬਲਕਿ ਅੰਦਰ ਦੀ ਸੋਚ ਵੀ ਹੈ, ਕਿਰਦਾਰ ਵੀ ਹੈ।

ਆਤਮ ਵਿਸ਼ਵਾਸ਼ ਵਿਚ ਵਾਧਾ : ਅੱਜ ਦੇ ਸਮੇਂ ਜਿਆਦਾਤਰ ਲੋਕਾਂ ਵਿਚ ਆਤਮ-ਵਿਸ਼ਵਾਸ਼ ਦੀ ਕਮੀ ਕਾਰਨ ਉਹ ਦੂਸਰਿਆਂ ਦੀਆਂ ਗੱਲਾਂ ਵਿੱਚ ਸਹਿਜੇ ਹੀ ਫਸ ਜਾਂਦੇ ਹਨ। ਸਾਧ-ਬਾਬੇ ਆਪਣੇ ਕੁਝ ਕੁ ਚੇਲਿਆਂ ਕੋਲੋਂ ਆਪਣੇ ਚਮਤਕਾਰੀ ਅਤੇ ਕਰਨੀ ਵਾਲਾ ਹੋਣ ਦਾ ਪ੍ਰਚਾਰ ਕਰਾਉਂਦੇ ਹਨ 'ਤੇ ਲੋਕ ਇਹਨਾਂ ਗੱਲਾਂ ਵਿਚ ਫਸ ਜਾਂਦੇ ਹਨ। ਲੋਕਾਂ ਦਾ ਆਪਣੇ-ਆਪ ਅਤੇ ਆਪਣੇ ਧਰਮ ਤੋਂ ਵਿਸ਼ਵਾਸ਼ ਤਿੜਕ ਜਾਂਦਾ ਹੈ 'ਤੇ ਉਹ ਚਮਤਕਾਰ ਨਾਲ ਖੁਸ਼ਹਾਲ ਹੋਣ ਲਈ ਸਾਧਾਂ ਦੇ ਗੁਲਾਮ ਬਣ ਜਾਂਦੇ ਹਨ। ਲੋਕਾਂ ਵਿਚ ਉਹਨਾਂ ਦਾ ਅਸਲੀ ਧਰਮ ਪ੍ਰਤੀ ਵਿਸ਼ਵਾਸ਼ ਵਧਾਉਣ ਦਾ ਯਤਨ ਕੀਤਾ ਜਾਵੇ ਤਾਂ ਜੋ ਉਹ ਅਸ਼ਲੀ-ਨਕਲੀ ਦੀ ਖੁਦ ਚੋਣ ਕਰ ਸਕਣ।

ਰੁਜ਼ਗਾਰ ਦੇ ਸਾਧਨ ਮੁਹੱਈਆ ਕਰਾਉਣ ਦਾ ਯਤਨ : ਪਿੰਡਾਂ-ਸ਼ਹਿਰਾਂ ਦੇ ਪੜ੍ਹੇ-ਲਿਖੇ ਨੌਜੁਆਨਾਂ ਨੂੰ ਇਹਨਾਂ ਵਿਹਲੜਾਂ ਤੋਂ ਦੂਰ ਕਰਨ ਲਈ ਰੁਜ਼ਗਾਰ ਮੁਹੱਈਆ ਕਰਾਉਣ ਦੇ ਯਤਨ ਕੀਤੇ ਜਾਣ। ਨਿੱਜੀ ਫੈਕਟਰੀਆਂ, ਸਕੂਲਾਂ ਆਦਿ ਦੇ ਮਾਲਕਾਂ ਨੂੰ ਚਾਹੀਦਾ ਹੈ ਕਿ ਯੋਗ ਨੌਜੁਆਨਾਂ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਰੁਜ਼ਗਾਰ ਦੇਣ। ਪਿੰਡਾਂ ਦੀਆਂ ਪੰਚਾਇਤਾਂ ਪਿੰਡ ਦੇ ਕਿਸੇ ਯੋਗ ਨੌਜੁਆਨ ਨੂੰ ਕੋਈ ਕੰਮ ਸ਼ੁਰੂ ਕਰਨ ਵਿੱਚ ਆਰਥਿਕ ਅਤੇ ਸਮਾਜਿਕ ਮੱਦਦ ਕਰਨ। ਗੁਰਦੁਆਰਾ ਕਮੇਟੀਆਂ ਵੀ ਇਸ ਕੰਮ ਲਈ ਆਪਣੇ ਫੰਡਾਂ ਨੂੰ ਜੁਟਾਉਣ ਅਤੇ ਖਰਚਣ।

ਸਿਖਿਆ ਦਾ ਪਾਸਾਰ : ਅਨਪੜ੍ਹਤਾ ਇਕ ਐਸਾ ਰੋਗ ਹੈ ਜਿਸ ਨਾਲ ਇਨਸਾਨ ਅੰਧ-ਵਿਸ਼ਵਾਸ਼ੀ ਹੋ ਜਾਂਦਾ ਹੈ ਅਤੇ ਕੁਦਰਤੀ ਚੱਕਰ ਨੂੰ ਸਮਝ ਸਕਣ ਵਿਚ ਉੱਕ ਜਾਂਦਾ ਹੈ (ਵੈਸੇ ਇਸ ਗੱਲ ਵਿੱਚ ਪੜ੍ਹੇ-ਲਿਖੇ ਵੀ ਪਿੱਛੇ ਨਹੀਂ), ਇਨਸਾਨ ਵਿਚ ਆਤਮ-ਵਿਸ਼ਵਾਸ਼ ਦੀ ਘਾਟ ਹੋ ਜਾਂਦੀ ਹੈ, ਜਾਣਕਾਰੀ ਦੀ ਘਾਟ ਹੋ ਜਾਂਦੀ ਹੈ। ਇਸ ਤਰ੍ਹਾਂ ਦੇ ਲੋਕਾਂ ਨੂੰ ਪੜ੍ਹਾਈ ਦੇ ਖੇਤਰ ਵਿੱਚ ਮੌਕੇ ਮੁਹੱਈਆ ਕੀਤੇ ਜਾਣ। ਬੱਚਿਆਂ ਨੂੰ ਪੜ੍ਹਾਈ ਕਰਨ ਵਿਚ ਹਰ ਸੰਭਵ ਮੱਦਦ ਕੀਤੀ ਜਾਵੇ। ਪਿੰਡ ਦੀਆਂ ਪੰਚਾਇਤਾਂ ਪਿੰਡ ਦੇ ਕਿਸੇ ਯੋਗ, ਪੜ੍ਹੇ-ਲਿਖੇ ਨੌਜੁਆਨ ਨੂੰ ਗਰੀਬ ਬੱਚਿਆਂ ਨੂੰ ਵਾਧੂ ਸਮੇਂ ਪੜ੍ਹਾਉਣ ਲਈ ਨਿਯੁਕਤ ਕਰਨ ਅਤੇ ਬਣਦੀ ਤਨਖਾਹ ਸਾਂਝੇ ਖਾਤੇ ਵਿਚੋਂ ਦਿੱਤੀ ਜਾਵੇ। ਇਸ ਨਾਲ ਨਾਲੇ ਤਾਂ ਸਾਰੇ ਪੜ੍ਹਾਈ ਦੇ ਖੇਤਰ ਵਿੱਚ ਅੱਗੇ ਆ ਸਕਣਗੇ ਅਤੇ

ਤੱਤੇ ਲਹੂ ਨਾਲ ਲਿਖੀ ਗਈ ਇਬਾਰਤ ਦੇ ਵਰਕੇ ਸਾਂਭਣ ਦੀ ਲੋੜ



ਵਰਿੰਦਰ ਵਾਲੀਆ

Editorial Board Marketing Executives